ਦਫ਼ਤਰ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ, ਮੋਗਾ

# ਜ਼ਿਲੇ 'ਚ ਸਗਨ ਸਕੀਮ ਤਹਿਤ ਬੀਤੇ ਵਿੱਤੀ ਸਾਲ 2015-16 ਦੌਰਾਨ 1,926 ਪ੍ਰੀਵਾਰਾਂ ਦੀਆਂ ਧੀਆਂ ਨੂੰ ਤਕਰੀਬਨ 2.89 ਕਰੋੜ ਰੁਪਏ ਦੀ ਕੀਤੀ ਗਈ ਅਦਾਇਗੀ

- **ਸ਼ਗਨ ਸਕੀਮ ਗਰੀਬ ਪ੍ਰੀਵਾਰਾਂ ਲਈ ਲਾਹੇਵੰਦ-ਕੁਲਦੀਪ ਸਿੰਘ ਵੈਦ**
- **ਵਿਆਹ ਤੋ 30 ਦਿਨ ਪਹਿਲਾਂ ਅਤੇ 30 ਦਿਨ ਬਾਅਦ ਵੀ ਦਿੱਤੀ ਜਾ ਸਕਦੀ ਹੈ ਦਰਖਾਸਤ**

ਮੋਗਾ 17 ਮਈ:

ਪੰਜਾਬ ਸਰਕਾਰ ਵੱਲੋ- ਗਰੀਬ ਪ੍ਰੀਵਾਰਾਂ ਦੀਆਂ ਲੜਕੀਆਂ ਦੇ ਵਿਆਹ ਲਈ ਸ਼ਗਨ ਦੇ ਰੂਪ 'ਚ ਦਿੱਤੀ ਜਾਂਦੀ 15 ਹਜ਼ਾਰ ਰੁਪਏ ਦੀ ਮਾਲੀ ਸਹਾਇਤਾ ਤਹਿਤ ਬੀਤੇ ਵਿੱਤੀ ਵਰ੍ਹੇ 2015-16 ਦੌਰਾਨ 1,926 ਪ੍ਰੀਵਾਰਾਂ ਦੀਆਂ ਧੀਆਂ ਨੂੰ 2 ਕਰੋੜ 88 ਲੱਖ 90 ਹਜ਼ਾਰ ਰੁਪਏ ਦੀ ਅਦਾਇਗੀ ਕੀਤੀ ਗਈ.

ਇਹ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਮੋਗਾ ਸ. ਕੁਲਦੀਪ ਸਿੰਘ ਵੈਦ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋ ਗਰੀਬ ਤੇ ਲੋੜਵੰਦ ਪ੍ਰੀਵਾਰਾਂ ਦੀਆਂ ਲੜਕੀਆਂ ਲਈ ਆਰੰਭ ਕੀਤੀ ਗਈ ਸ਼ਗਨ ਸਕੀਮ ਜ਼ਿਲ੍ਹੇ ਦੇ ਲਾਭਪਾਤਰੀਆਂ ਲਈ ਬਹੁਤ ਹੀ ਲਾਹੇਵੰਦ ਸਾਬਿਤ ਹੋ ਰਹੀ ਹੈ ਅਤੇ ਇਸ ਸਕੀਮ ਸਦਕਾ ਸਮਾਜ 'ਚ ਧੀਆਂ ਦਾ ਮਾਣ ਵਧਿਆ ਹੈ. ਉਨ੍ਹਾਂ ਦੱਸਿਆ ਕਿ ਸ਼ਗਨ ਸਕੀਮ ਦੀ ਰਾਸ਼ੀ ਸਬੰਧਤ ਲਾਭਪਾਤਰੀਆਂ ਦੇ ਬੈਂਕ ਖਾਤਿਆਂ ਵਿੱਚ ਸਿੱਧੇ ਤੌਰ 'ਤੇ ਹੀ ਆਨ-ਲਾਈਨ ਜਮ੍ਹਾਂ ਕਰ ਦਿੱਤੀ ਜਾਂਦੀ ਹੈ, ਤਾਂ ਜੋ ਕਿਸੇ ਵੀ ਲਾਭਪਾਤਰੀ ਨੂੰ ਸ਼ਗਨ ਸਕੀਮ ਦਾ ਲਾਭ ਲੈਣ ਲਈ ਕੋਈ ਮੁਸ਼ਕਲ ਪੇਸ਼ ਨਾ ਆਵੇ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋ- ਸ਼ਗਨ ਸਕੀਮ ਦੇ ਲਾਭਪਾਤਰੀਆਂ ਨੂੰ ਆਨ-ਲਾਈਨ ਅਦਾਇਗੀ ਦਾ ੈਸਲਾ ਸਕੀਮ ਵਿੱਚ ਪਾਰਦਰਸ਼ਤਾ ਲਿਆਉਣ ਅਤੇ ਲਾਭਪਾਤਰੀਆਂ ਨੂੰ ਕਿਸੇ ਵੀ ਤਰ੍ਹਾਂ ਦੀ ਖੱਜਲ-ਖੁਆਰੀ ਤੋ ਬਚਾਉਣ ਲਈ ਲਿਆ ਗਿਆ ਸੀ, ਜੋ ਕਿ ਪੂਰੀ ਤਰ੍ਹਾਂ ਕਾਮਯਾਬ ਸਾਬਿਤ ਹੋਇਆ ਹੈ। ਉਨ੍ਹਾਂ ਦੱਸਿਆ ਕਿ ਹੁਣ ਸ਼ਗਨ ਸਕੀਮ ਤਹਿਤ ਲੜਕੀ ਦੇ ਵਿਆਹ ਤੋਂ 30 ਦਿਨ ਪਹਿਲਾਂ ਅਤੇ 30 ਦਿਨ ਬਾਅਦ ਵੀ ਦਰਖਾਸਤ ਦਿੱਤੀ ਜਾ ਸਕਦੀ ਹੈ, ਜਿਸ ਨਾਲ ਗਰੀਬ ਪ੍ਰੀਵਾਰਾਂ ਨੂੰ ਵੱਡੀ ਰਾਹਤ ਮਿਲੀ ਹੈ।

ਸ. ਵੈਦ ਨੇ ਜ਼ਿਲ੍ਹੇ ਵਿੱਚ ਬੀਤੇ ਵਿੱਤੀ ਵਰ੍ਹੇ 2015-16 'ਚ ਸ਼ਗਨ ਸਕੀਮ ਦੀ ਕੀਤੀ ਗਈ ਅਦਾਇਗੀ ਦਾ ਵੇਰਵਾ ਦਿੰਦਿਆਂ ਦੱਸਿਆ ਕਿ ਮਹੀਨਾ ਅਪ੍ਰੈਲ, 2015 ਦੌਰਾਨ 145 ਲਾਭਪਾਤਰੀਆਂ ਨੂੰ 21 ਲੱਖ 75 ਹਜ਼ਾਰ ਰੁਪਏ, ਮਹੀਨਾ ਮਈ ਦੌਰਾਨ 77 ਲਾਭਪਾਤਰੀਆਂ ਨੂੰ 11 ਲੱਖ 55 ਹਜ਼ਾਰ ਰੁਪਏ, ਜੂਨ ਦੌਰਾਨ 66 ਲਾਭਪਾਤਰੀਆਂ ਨੂੰ 9 ਲੱਖ 90 ਹਜ਼ਾਰ ਰੁਪਏ, ਜੁਲਾਈ ਦੌਰਾਨ 55 ਲਾਭਪਾਤਰੀਆਂ ਨੂੰ 8 ਲੱਖ 25 ਹਜ਼ਾਰ ਰੁਪਏ, ਅਗਸਤ ਦੌਰਾਨ 109 ਲਾਭਪਾਤਰੀਆਂ ਨੂੰ 16 ਲੱਖ 35 ਹਜ਼ਾਰ ਰੁਪਏ, ਸਤੰਬਰ ਦੌਰਾਨ 118 ਲਾਭਪਾਤਰੀਆਂ ਨੂੰ 17 ਲੱਖ 70 ਹਜ਼ਾਰ ਰੁਪਏ, ਅਕਤੂਬਰ ਦੌਰਾਨ 112 ਲਾਭਪਾਤਰੀਆਂ ਨੂੰ 16 ਲੱਖ 80 ਹਜ਼ਾਰ ਰੁਪਏ, ਨਵੰਬਰ ਦੌਰਾਨ 203 ਲਾਭਪਾਤਰੀਆਂ ਨੂੰ 30 ਲੱਖ 45 ਹਜ਼ਾਰ ਰੁਪਏ, ਦਸੰਬਰ 2015 ਦੌਰਾਨ 254 ਲਾਭਪਾਤਰੀਆਂ ਨੂੰ 38 ਲੱਖ 10 ਹਜ਼ਾਰ ਰੁਪਏ, ਜਨਵਰੀ, 2016 ਦੌਰਾਨ 170 ਲਾਭਪਾਤਰੀਆਂ ਨੂੰ 25 ਲੱਖ 50 ਹਜ਼ਾਰ ਰੁਪਏ, ਫ਼ਰਵਰੀ ਦੌਰਾਨ 301 ਲਾਭਪਾਤਰੀਆਂ ਨੂੰ 45 ਲੱਖ 15 ਹਜ਼ਾਰ ਰੁਪਏ ਅਤੇ ਮਹੀਨਾ ਮਾਰਚ, 2016 ਦੌਰਾਨ 316 ਲਾਭਪਾਤਰੀਆਂ ਨੂੰ 47 ਲੱਖ 40 ਹਜ਼ਾਰ ਰੁਪਏ ਦੀ ਅਦਾਇਗੀ ਕੀਤੀ ਗਈ।

ਜ਼ਿਲ੍ਹਾ ਭਲਾਈ ਅਫ਼ਸਰ ਮੋਗਾ ਹਰਪਾਲ ਸਿੰਘ ਗਿੱਲ ਨੇ ਸ਼ਗਨ ਸਕੀਮ ਲਈ ਅਰਜ਼ੀਆਂ ਦੇਣ ਵਾਲੇ ਲਾਭਪਾਤਰੀਆਂ ਨੂੰ ਅਪੀਲ ਕੀਤੀ ਕਿ ਸ਼ਗਨ ਸਕੀਮ ਲਈ ਅਰਜ਼ੀ ਦੇਣ ਮੌਕੇ ਉਹ ਬੈਕ ਖਾਤਾ ਨੰਬਰ, ਬੈਕ ਦਾ ਨਾਂ ਅਤੇ ਆਈ.ਐਫ਼.ਐਸ.ਸੀ. ਕੋਡ ਜਿਹੇ ਵੇਰਵੇ }ਰੁਰ ਦੱਸਣ ਤਾਂ ਜੋ ਸ਼ਗਨ ਰਾਸ਼ੀ ਦੀ ਆਨ-ਲਾਈਨ ਅਦਾਇਗੀ ਜੋ ਕਿ ਚੰਡੀਗੜ੍ਹ ਤੋ ਸਿੱਧੀ ਉਨਾਂ ਦੇ ਖਾਤੇ ਵਿੱਚ ਹੋਣੀ ਹੁੰਦੀ ਹੈ, ਉਨ੍ਹਾਂ ਦੇ ਖਾਤੇ 'ਚ ਪੈਣ ਸਮੇਂ ਕੋਈ ਮੁਸ਼ਕਲ ਨਾ ਆਵੇ। ਉਨ੍ਹਾਂ ਦੱਸਿਆ ਕਿ ਇਸ ਸਕੀਮ ਦਾ ਲਾਭ ਹਰ ਜਾਤੀ ਦੇ ਲੋੜਵੰਦ ਪ੍ਰੀਵਾਰਾਂ ਨੂੰ ਦਿੱਤਾ ਜਾਂਦਾ ਹੈ, ਬਸ਼ਰਤੇ ਕਿ ਉਹ ਪੰਜਾਬ ਰਾਜ ਦਾ ਵਸਨੀਕ ਹੋਵੇ ਅਤੇ ਪ੍ਰੀਵਾਰ ਦੀ ਸਾਲਾਨਾ ਆਮਦਨ 32,790 ਰੁਪਏ ਤੋਂ ਘੱਟ ਹੋਵੇ।

---------

ਨੰ: ਪੀ.ਆਰ(ਪ੍ਰੈ
ਗੀ)2016/225.

